# ਆਊਟਡੋਰ ਫਰਾਇਰ



**ਨੈਸ਼ਨਲ ਫਾਇਰ ਪ੍ਰੋਟੈਕਸ਼ਨ ਐਸੋਸੀਏਸ਼ਨ (*NFPA*) ਵਸਨੀਕਾਂ ਨੂੰ ਗੈਸ-ਬਾਲਣ ਵਾਲੇ ਆਊਟਡੋਰ ਫਰਾਇਰਾਂ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰਨ ਲਈ ਕਹਿ ਰਹੀ ਹੈ ਕਿਉਂਕਿ ਇਨ੍ਹਾਂ ਤੋਂ ਜ਼ਖਮੀ ਹੋਣ ਦਾ ਬਹੁਤ ਵੱਡਾ ਖਤਰਾ ਹੁੰਦਾ ਹੈ।**

ਆਊਟਡੋਰ ਫਰਾਇਰ ਕੁਕਿੰਗ ਆਇਲ ਬਹੁਤ ਜ਼ਿਆਦਾ ਤਾਪਮਾਨ 'ਤੇ ਗਰਮ ਕਰਦੇ ਹਨ। ਇਸ ਤੇਲ ਦੇ ਡੁੱਲ੍ਹਣ ਦਾ ਬਹੁਤ ਖਤਰਾ ਹੁੰਦਾ ਹੈ ਅਤੇ ਨਤੀਜੇ ਵਜੋਂ ਲੱਗਣ ਵਾਲੀਆਂ ਸੱਟਾਂ ਗੰਭੀਰ ਹੋ ਸਕਦੀਆਂ ਹਨ।

- ਜਦੋਂ ਭੋਜਨ ਪਾਇਆ ਜਾਂ ਬਾਹਰ ਕੱਢਿਆ ਜਾਂਦਾ ਹੈ ਤਾਂ ਫਰਾਇਰਾਂ ਨੂੰ ਧੱਕਾ ਲੱਗ  ਸਕਦਾ ਹੈ, ਜਿਸ ਨਾਲ ਤੇਲ ਦੇ ਡੁੱਲਣ ਦਾ ਖਤਰਾ ਹੁੰਦਾ ਹੈ। ਸਟੈਂਡ ਵਾਲੇ ਆਊਟਡੋਰ ਫਰਾਇਰਾਂ ਦੇ ਇਸ ਤਰਾਂ ਡਿੱਗਣ ਦਾ ਵੱਧ ਖਤਰਾ ਹੁੰਦਾ ਹੈ।
- ਤੇਲ ਨੂੰ ਤਲਣ ਲਈ ਇੰਨੇ ਉੱਚ ਤਾਪਮਾਨ 'ਤੇ ਗਰਮ ਕੀਤਾ ਜਾਂਦਾ ਹੈ ਕਿ ਵਾਸ਼ਪਾਂ ਨੂੰ ਅੱਗ ਲਾ ਸਕਦੀ ਹੈ, ਜਿਸਦੇ ਨਤੀਜੇ ਵਜੋਂ ਅੱਗ ਅੱਗੇ ਫੈਲ ਸਕਦੀ ਹੈ।
- ਜੇ ਤੁਸੀਂ ਮੀਂਹ ਜਾਂ ਬਰਫਬਾਰੀ ਦੌਰਾਨ ਫਰਾਇਰ ਦੀ ਵਰਤੋਂ ਕਰਦੇ ਹੋ, ਤਾਂ ਤੁਹਾਨੂੰ ਸੱਟ ਲੱਗਣ ਦਾ ਵਧੇਰੇ ਖਤਰਾ ਹੁੰਦਾ ਹੈ। ਜਦੋਂ ਮੀਂਹ ਜਾਂ ਬਰਫ ਗਰਮ ਤੇਲ ਨਾਲ ਟਕਰਾਉਣਗੇ  ਤਾਂ ਤੇਲ ਚੋਂ ਛਿੱਟੇ ਪੈਣਗੇ ਜਿਹੜੇ ਜਲਣ ਪੈਦਾ ਕਰ ਸਕਦੇ ਹਨ।
- ਬਹੁਤ ਸਾਰੀਆਂ ਅੱਗਾਂ ਉਦੋਂ ਲੱਗੀਆਂ ਹਨ ਜਦੋਂ ਫਰਾਇਰਾਂ ਨੂੰ ਮੀਂਹ ਤੋਂ ਬਚਣ ਲਈ ਘਰ ਦੇ ਅੰਦਰ ਜਾਂ ਗੈਰੇਜ ਵਿੱਚ ਲਿਜਾਇਆ ਗਿਆ ਸੀ।
- ਭੋਜਨ ਨੂੰ ਫਰਾਇਰ ਤੋਂ ਸਰਵਿੰਗ ਪਲੇਟ ਵਿੱਚ ਲਿਜਾਣ ਵੇਲੇ ਗਰਮ ਤੇਲ ਨਾਲ ਸੰਪਰਕ ਦਾ ਇੱਕ ਹੋਰ ਖਤਰਾ ਹੁੰਦਾ ਹੈ।
- ਉਹ ਭੋਜਨ ਜੋ ਚੰਗੀ ਤਰਾਂ ਥਾਅ ਨਹੀਂ ਕੀਤੇ ਹੁੰਦੇ, ਉਹ ਤੇਲ ਦੇ ਛਿੱਟੇ ਪੈਦਾ ਕਰ ਸਕਦੇ ਹਨ, ਜੋ ਜਲਣ ਦਾ ਕਾਰਨ ਬਣਦੇ ਹਨ।

**ਵਿਨੀਪੈਗ ਫਾਇਰ ਪੈਰਾਮੈਡਿਕਸ ਸਰਵਿਸ** ਚਾਹੁੰਦੇ ਹਨ ਕਿ ਵਿਨੀਪੈਗ ਵਾਸੀ ਫਰਾਇਰਾਂ ਕਾਰਨ ਲੱਗਣ ਵਾਲੀ ਸੱਟ ਬਾਰੇ ਜਾਣੂ ਹੋਣ। ਖਪਤਕਾਰਾਂ ਦੁਆਰਾ ਫਰਾਇਰਾਂ ਦੀ ਵਰਤੋਂ ਨਾਲ਼ ਸੜਨ, ਹੋਰ ਗੰਭੀਰ ਸੱਟਾਂ ਅਤੇ ਪ੍ਰਾਪਰਟੀ ਦੇ ਨੁਕਸਾਨ ਦੇ ਖਤਰੇ ਹੋ ਸਕਦੇ ਹਨ।